# ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ

## ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ

## ਪਰਿਵਾਰਾਂ ਲਈ ਸ਼ਬਦਾਵਲੀ

## ਇੱਕ ਗਾਈਡ

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਦੀ ਸ਼ੁਰੂਆਤ ਕਰਨਾ ਕਈ ਵਾਰੀ ਉਲਝਣ ਭਰਿਆ ਸਮਾਂ ਹੋ ਸਕਦਾ ਹੈ। ਇਹ ਸ਼ਬਦਾਵਲੀ ਕੁੱਝ ਅਜਿਹੇ ਸ਼ਬਦਾਂ ਦੀ ਵਿਆਖਿਆ ਕਰਦੀ ਹੈ ਜੋ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਬਾਰੇ ਗੱਲ ਕਰਦੇ ਸਮੇਂ ਵਰਤੇ ਜਾਂਦੇ ਹਨ।

### AAC

AAC ਦਾ ਅਰਥ ਹੈ, Augmentative and Alternative Communication (ਸਹਾਇਕ ਅਤੇ ਹੋਰ ਤਰੀਕੇ ਨਾਲ ਗੱਲਬਾਤ ਕਰਨਾ)। ਗੱਲ ਕਰਨਾ ਸਿਰਫ਼ ਬੋਲਣਾ ਨਹੀਂ ਹੁੰਦਾ ਹੈ। ACC ਬੱਚਿਆਂ ਨੂੰ ਇਸ਼ਾਰਿਆਂ, ਤਸਵੀਰਾਂ ਜਾਂ ਐਪਸ ਰਾਹੀਂ ਗੱਲ ਕਰਨ ਵਿੱਚ ਮੱਦਦ ਕਰ ਸਕਦਾ ਹੈ। ਸਪੀਚ ਪੈਥੋਲੋਜਿਸਟ ਬੱਚਿਆਂ ਨੂੰ AAC ਦੀ ਵਰਤੋਂ ਕਰਨ ਵਿੱਚ ਮੱਦਦ ਕਰਦੇ ਹਨ

### ਸਹਿਯੋਗੀ ਸਿਹਤ ਪ੍ਰੈਕਟੀਸ਼ਨਰ

ਇਹ ਉਹ ਸਿਖਲਾਈ ਪ੍ਰਾਪਤ ਸਿਹਤ ਪੇਸ਼ੇਵਰ ਹੁੰਦੇ ਹਨ, ਜੋ ਪਰਿਵਾਰਾਂ ਨਾਲ ਮਿਲਕੇ ਬੱਚਿਆਂ ਦੀਆਂ ਵਿਕਾਸੀ ਜ਼ਰੂਰਤਾਂ ਲਈ ਕੰਮ ਕਰਦੇ ਹਨ। ਇਨ੍ਹਾਂ ਵਿੱਚ ਸਪੀਚ ਪੈਥੋਲੋਜਿਸਟ, ਕਿੱਤਾਮੁਖੀ ਥੈਰੇਪਿਸਟ ਅਤੇ ਫਿਜ਼ੀਓਥੈਰੇਪਿਸਟ ਸ਼ਾਮਲ ਹੁੰਦੇ ਹਨ

### ਅਪਾਹਜ ਬੱਚਾ

ਉਹ ਬੱਚਾ, ਜਿਸਨੂੰ ਜੀਵਨ ਭਰ ਲਈ ਅਜਿਹੀ ਬਿਮਾਰੀ ਹੈ, ਜੋ ਉਸਦੇ ਤੁਰਨ-ਫਿਰਨ, ਦੇਖਣ, ਸੁਣਨ, ਸੋਚਣ, ਸਿੱਖਣ ਜਾਂ ਮਹਿਸੂਸ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀ ਹੈ।

### ਵਿਕਾਸ

ਵਿਕਾਸ ਦਾ ਅਰਥ ਹੈ ਤੁਹਾਡੇ ਬੱਚੇ ਦੇ ਸਰੀਰਕ, ਸਮਾਜਿਕ, ਭਾਵਨਾਤਮਕ, ਵਿਵਹਾਰ, ਸੋਚ ਅਤੇ ਗੱਲਬਾਤ ਕਰਨ ਦੇ ਹੁਨਰਾਂ ਵਿੱਚ ਹੋਣ ਵਾਲੇ ਬਦਲਾਅ। ਵਿਕਾਸ ਦੇ ਇਹ ਸਾਰੇ ਖੇਤਰ ਆਪਸ ਵਿੱਚ ਜੁੜੇ ਹੋਏ ਹਨ, ਅਤੇ ਹਰ ਕੋਈ ਇੱਕ ਦੂਜੇ 'ਤੇ ਨਿਰਭਰ ਕਰਦਾ ਹੈ ਅਤੇ ਇੱਕ ਦੂਜੇ ਨੂੰ ਪ੍ਰਭਾਵਿਤ ਕਰਦਾ ਹੈ। ਇਹ ਸਿਰਫ਼ ਤੁਰਨਾ, ਬੋਲਣਾ ਜਾਂ ਟਾਇਲਟ ਜਾਣਾ ਹੀ ਨਹੀਂ ਹੈ, ਇਹ ਬੱਚਿਆਂ ਵਿੱਚ ਇਹ ਭਾਵਨਾ ਵਿਕਸਤ ਕਰਨ ਬਾਰੇ ਵੀ ਹੈ ਕਿ ਉਹ ਕੌਣ ਹਨ ਅਤੇ ਆਪਣੇਪਣ ਦੀ ਭਾਵਨਾ ਨਾਲ ਵੀ ਸੰਬੰਧਿਤ ਹਨ।

Healthy Trajectories A Child and Youth Disability Research Hub · preci Professionals & Researchers in Early Childhood Intervention · murdoch children's research institute · SNAICC National Voice for our Children · ACD Advocating for children with disability · cyda Children and Young People with Disability Australia · The University of Melbourne · Melbourne Disability Institute · STRONG kids, STRONG future Supporting child development pathways

### ਵਿਕਾਸ ਸੰਬੰਧੀ ਚਿੰਤਾ

ਵਿਕਾਸ ਸੰਬੰਧੀ ਚਿੰਤਾ ਉਦੋਂ ਹੁੰਦੀ ਹੈ ਜਦੋਂ ਪਰਿਵਾਰ ਜਾਂ ਪੇਸ਼ੇਵਰ ਬੱਚੇ ਦੇ ਵਿਕਾਸ ਦੇ ਕਿਸੇ ਪਹਿਲੂ ਬਾਰੇ ਚਿੰਤਤ ਹੁੰਦੇ ਹਨ ਅਤੇ ਹੋਰ ਜਾਣਕਾਰੀ ਅਤੇ ਸਹਾਇਤਾ ਦੀ ਮੰਗ ਕਰਦੇ ਹਨ।

### ਵਿਕਾਸ ਸੰਬੰਧੀ ਦੇਰੀ

ਵਿਕਾਸ ਸੰਬੰਧੀ ਦੇਰੀ ਉਦੋਂ ਹੁੰਦੀ ਹੈ ਜਦੋਂ ਇੱਕ ਬੱਚਾ ਮੀਲਪੱਥਰ 'ਤੇ ਪਹੁੰਚਣ ਵਿੱਚ ਆਪਣੀ ਉਮਰ ਦੇ ਦੂਜੇ ਬੱਚਿਆਂ ਨਾਲੋਂ ਜ਼ਿਆਦਾ ਸਮਾਂ ਲੈਂਦਾ ਹੈ। ਇਸ ਵਿੱਚ ਚੱਲਣਾ, ਬੋਲਣਾ, ਖੇਡਣਾ ਅਤੇ ਆਪਣੇ ਆਪ ਕੰਮ ਕਰਨ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ।

### ਅਰਲੀ ਚਾਈਲਡਹੁੱਡ ਇੰਟਰਵੈਂਸ਼ਨ

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ ਜੋ ਅਜਿਹੇ (ਜਨਮ ਤੋਂ ਲੈ ਕੇ 9 ਸਾਲ ਦੀ ਉਮਰ ਤੱਕ ਦੇ) ਬੱਚਿਆਂ ਦੀ ਪਰਵਿਰਸ਼ ਕਰ ਰਹੇ ਹਨ ਜਿਨ੍ਹਾਂ ਨੂੰ ਵਿਕਾਸ ਸੰਬੰਧੀ ਚਿੰਤਾਵਾਂ, ਦੇਰੀ ਜਾਂ ਅਪਾਹਜਤਾ ਹੋ ਸਕਦੀ ਹੈ। ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਸੇਵਾਵਾਂ ਵਿੱਚ ਸਪੀਚ ਪੈਥੋਲੋਜਿਸਟ, ਕਿੱਤਾਮੁਖੀ ਥੈਰੇਪਿਸਟ, ਫਿਜ਼ੀਓਥੈਰੇਪਿਸਟ ਅਤੇ ਮਨੋਵਿਗਿਆਨੀ ਸ਼ਾਮਲ ਹਨ। ਪ੍ਰੈਕਟੀਸ਼ਨਰ ਤੁਹਾਡੇ ਬੱਚੇ ਨੂੰ ਵੱਧਣ-ਫੁੱਲਣ, ਸਿੱਖਣ ਅਤੇ ਜ਼ਿੰਦਗੀ ਦਾ ਆਨੰਦ ਮਾਨਣ ਵਿੱਚ ਮੱਦਦ ਕਰਨ ਲਈ ਪਰਿਵਾਰਾਂ ਨਾਲ ਮਿਲਕੇ ਕੰਮ ਕਰਦੇ ਹਨ ਅਤੇ ਇੱਕ ਪਰਿਵਾਰ ਵਜੋਂ ਤੁਹਾਡੇ ਬੱਚੇ ਦੇ ਵਿਕਾਸ ਵਿੱਚ ਸਭ ਤੋਂ ਵਧੀਆ ਸਹਾਇਤਾ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਨ।

### ਸ਼ੁਰੂਆਤੀ ਬਚਪਨ ਦੀ ਪਹੁੰਚ

ਇਹ ਉਹ ਤਰੀਕਾ ਹੈ ਜਿਸ ਰਾਹੀਂ NDIA ਜਨਮ ਤੋਂ ਲੈ ਕੇ 9 ਸਾਲ ਦੀ ਉਮਰ ਤੱਕ ਅਪੰਗਤਾ ਅਤੇ ਵਿਕਾਸ ਸੰਬੰਧੀ ਚਿੰਤਾਵਾਂ ਵਾਲੇ ਬੱਚਿਆਂ ਦੀ ਮੱਦਦ ਕਰਦਾ ਹੈ।

### ਪ੍ਰਮਾਣਿਤ-ਜਾਣਕਾਰੀ

ਇਹ ਉਹ ਸੇਵਾਵਾਂ ਹਨ ਜੋ ਨਵੀਨਤਮ ਗਿਆਨ, ਸਬੂਤਾਂ ਅਤੇ ਖੋਜ ਦੇ ਨਾਲ-ਨਾਲ ਪਰਿਵਾਰ ਦੀ ਆਪਣੇ ਬੱਚੇ ਬਾਰੇ ਜਾਣਕਾਰੀ ‘ਤੇ ਆਧਾਰਿਤ ਹੁੰਦੀਆਂ ਹਨ।

### ਰੋਜ਼ਮਰ੍ਹਾ ਦੇ ਸਥਾਨ

ਇਹ ਉਹ ਥਾਵਾਂ ਹਨ ਜਿੱਥੇ ਤੁਸੀਂ ਹਰ ਰੋਜ਼ ਜਾਂਦੇ ਹੋ — ਜਿਵੇਂ ਤੁਹਾਡਾ ਘਰ, ਪਾਰਕ ਜਾਂ ਬੱਚੇ ਦਾ ਸਕੂਲ। ਇਹ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਹਿੰਦਾ ਹੈ ਜੇਕਰ ਤੁਸੀਂ ਆਪਣੇ ਪ੍ਰੈਕਟੀਸ਼ਨਰ ਨੂੰ ਰੋਜ਼ਮਰ੍ਹਾ ਦੇ ਸਥਾਨਾਂ ਵਿੱਚ ਮਿਲਦੇ ਹੋ।

### ਮੁੱਖ ਪ੍ਰੈਕਟੀਸ਼ਨਰ

ਇੱਕ ਸਹਾਇਕ ਸਿਹਤ, ਵਿਕਾਸ ਜਾਂ ਸ਼ੁਰੂਆਤੀ ਬਚਪਨ ਦਾ ਸਿੱਖਿਅਕ ਜੋ ਪਰਿਵਾਰ ਨਾਲ ਕੰਮ ਕਰਨ ਵਾਲਾ ਮੁੱਖ ਪੇਸ਼ੇਵਰ ਹੁੰਦਾ ਹੈ। ਇਸਨੂੰ ਕਈ ਵਾਰ ਇੱਕ ਮੁੱਖ ਕਰਮਚਾਰੀ ਕਿਹਾ ਜਾਂਦਾ ਹੈ। ਉਹ ਬੱਚੇ ਦੀ ਟੀਮ ਨਾਲ ਤਾਲਮੇਲ ਕਰਨ, ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਨ, ਭਾਵਨਾਤਮਕ ਸਹਾਇਤਾ ਪ੍ਰਦਾਨ ਕਰਨ, ਲੋੜਾਂ ਦੀ ਪਛਾਣ ਕਰਨ ਅਤੇ ਹੱਲ ਕਰਨ ਅਤੇ ਸਵੈ-ਵਕਾਲਤ ਦੇ ਹੁਨਰ ਵਿਕਸਤ ਕਰਨ ਲਈ ਪਰਿਵਾਰ ਦਾ ਸਮਰਥਨ ਕਰਨ ਵਿੱਚ ਮੱਦਦ ਕਰਦੇ ਹਨ।

### NDIA

NDIA ਦਾ ਅਰਥ ਹੈ ਰਾਸ਼ਟਰੀ ਅਪੰਗਤਾ ਬੀਮਾ ਏਜੰਸੀ। NDIA ਇੱਕ ਆਸਟ੍ਰੇਲੀਆਈ ਸਰਕਾਰੀ ਏਜੰਸੀ ਹੈ ਜੋ NDIS ਨੂੰ ਲਾਗੂ ਕਰਨ ਅਤੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ।

### NDIS

NDIS ਦਾ ਅਰਥ ਹੈ ਰਾਸ਼ਟਰੀ ਅਪੰਗਤਾ ਬੀਮਾ ਏਜੰਸੀ। ਇਹ ਆਸਟ੍ਰੇਲੀਆਈ ਸਰਕਾਰ ਦਾ ਇੱਕ ਪ੍ਰੋਗਰਾਮ ਹੈ ਜੋ NDIS ਸਹਾਇਤਾ ਲਈ ਯੋਗ ਲੋਕਾਂ ਨੂੰ ਫ਼ੰਡ ਪ੍ਰਦਾਨ ਕਰਦਾ ਹੈ। ਇਸ ਵਿੱਚ ਅਪੰਗਤਾ ਵਾਲੇ ਬੱਚਿਆਂ ਅਤੇ ਵਿਕਾਸ

ਵਿੱਚ ਦੇਰੀ ਵਾਲੇ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਅਤੇ ਹੋਰ ਸਹਾਇਤਾ ਸ਼ਾਮਲ ਹੈ ਜੋ ਇਸ ਯੋਜਨਾ ਨੂੰ ਲੈਣ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

ਅਰਲੀ ਚਾਈਲਡਹੁੱਡ ਪਾਰਟਨਰ ਤੁਹਾਡੇ ਇਲਾਕੇ ਵਿੱਚ ਇੱਕ ਅਜਿਹੀ ਸੰਸਥਾ ਹੁੰਦੀ ਹੈ ਜਿੱਥੇ ਤੁਸੀਂ ਆਪਣੇ ਬੱਚੇ ਲਈ ਮੱਦਦ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ ਅਤੇ NDIS (ਨੈਸ਼ਨਲ ਡਿਸਏਬਿਲਟੀ ਇਨਸ਼ੋਰੈਂਸ ਸਕੀਮ) ਲਈ ਅਰਜ਼ੀ ਦੇ ਸਕਦੇ ਹੋ। ਜਾਂ ਤੁਸੀਂ ਨੈਸ਼ਨਲ ਡਿਸਏਬਿਲਟੀ ਇਨਸ਼ੋਰੈਂਸ ਏਜੰਸੀ (NDIA) ਨਾਲ ਸਿੱਧਾ ਸੰਪਰਕ ਵੀ ਕਰ ਸਕਦੇ ਹੋ।

## ਕਿੱਤਾਮੁਖੀ ਥੈਰਾਪਿਸਟ (OT)

OT ਪਰਿਵਾਰਾਂ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਤੁਹਾਡਾ ਬੱਚਾ ਰੋਜ਼ਮਰ੍ਹਾ ਦੀਆਂ ਗਤੀਵਿਧੀਆਂ ਜਿਵੇਂ ਕਿ ਸੌਣਾ, ਖੇਡਣਾ, ਭੋਜਨ ਖਾਣਾ, ਕੱਪੜੇ ਪਾਉਣਾ ਅਤੇ ਟਾਇਲਟ ਵਰਤਣਾ ਆਸਾਨੀ ਨਾਲ ਕਰ ਸਕੇ। ਉਹ ਤੁਹਾਡੇ ਬੱਚੇ ਦੇ ਹੱਥਾਂ ਨਾਲ ਕੰਮ ਕਰਨ ਦੇ ਹੁਨਰ ਜਿਵੇਂ ਕਿ ਡਰਾਇੰਗ ਕਰਨ ਅਤੇ ਲਿਖਣ ਵਿੱਚ ਵੀ ਤੁਹਾਡੀ ਸਹਾਇਤਾ ਕਰਦੇ ਹਨ। OT ਪਰਿਵਾਰਾਂ ਨੂੰ ਸ਼ੋਰ ਜਾਂ ਰੌਸ਼ਨੀ ਪ੍ਰਤੀ ਸੰਵੇਦਨਸ਼ੀਲਤਾ ਵਰਗੇ ਸੰਵੇਦੀ ਮੁੱਦਿਆਂ ਨਾਲ ਨਜਿੱਠਣ ਵਿੱਚ ਵੀ ਮੱਦਦ ਕਰ ਸਕਦੇ ਹਨ।

## ਪੀਡੀਐਟ੍ਰੀਸ਼ਨ (ਬੱਚਿਆਂ ਦੇ ਡਾਕਟਰ)

ਪੀਡੀਐਟ੍ਰੀਸ਼ਨ ਉਹ ਡਾਕਟਰ ਹੁੰਦੇ ਹਨ ਜੋ ਬੱਚਿਆਂ ਦੀ ਦੇਖਭਾਲ ਵਿੱਚ ਮਾਹਿਰ ਹੁੰਦੇ ਹਨ। ਉਹ ਬੱਚਿਆਂ ਦੇ ਵਿਕਾਸ ਦੀ ਜਾਂਚ ਕਰਦੇ ਹਨ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਜਾਂ ਅਪਾਹਜਤਾਵਾਂ ਦੀ ਪਛਾਣ ਕਰ ਸਕਦੇ ਹਨ। ਪੀਡੀਐਟ੍ਰੀਸ਼ਨ ਪਰਿਵਾਰਾਂ ਅਤੇ ਹੋਰ ਪੇਸ਼ੇਵਰਾਂ ਜਿਵੇਂ ਕਿ ਐਲਾਈਡ ਹੈਲਥ ਪ੍ਰੈਕਟੀਸ਼ਨਰਾਂ ਨਾਲ ਮਿਲ ਕੇ ਕੰਮ ਕਰਦੇ ਹਨ।

## ਫਿਜ਼ੀਓਥੈਰੇਪਿਸਟ (ਫਿਜ਼ੀਓ)

ਫਿਜ਼ੀਓ ਦਾ ਕੰਮ ਸਰੀਰਕ ਹਿੱਲਜੁਲ ਅਤੇ ਗਤੀਸ਼ੀਲਤਾ ਨੂੰ ਬਿਹਤਰ ਬਣਾਉਣਾ ਹੈ, ਉਹ ਪਰਿਵਾਰਾਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਬੈਠਣ, ਖੜ੍ਹੇ ਹੋਣ ਅਤੇ ਤੁਰਨ-ਫਿਰਨ ਵਿੱਚ ਸਹਾਇਤਾ ਕਰਦੇ ਹਨ। ਫਿਜ਼ੀਓਥੈਰੇਪਿਸਟ ਵ੍ਹੀਲਚੇਅਰ ਅਤੇ ਹੋਰ ਸਹਾਇਕ ਤਕਨਾਲੋਜੀ, ਜਿਵੇਂ ਕਿ ਵਾਕਰ ਜਾਂ ਸਹਾਇਤਾ ਵਾਲੀਆਂ ਕੁਰਸੀਆਂ ਦੀ ਸਲਾਹ ਦਿੰਦੇ ਹਨ।

## ਪ੍ਰੈਕਟੀਸ਼ਨਰ

ਇਹ ਐਲਾਈਡ ਹੈਲਥ ਪ੍ਰੈਕਟੀਸ਼ਨਰ ਅਤੇ ਹੋਰ ਪੇਸ਼ੇਵਰ ਹੁੰਦੇ ਹਨ, ਜੋ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਪ੍ਰਦਾਨ ਕਰਦੇ ਹਨ। ਜਦੋਂ ਵੀ ਤੁਹਾਡਾ ਬੱਚਾ ਕੋਈ ਤਰੱਕੀ ਕਰਦਾ ਹੈ, ਤਾਂ ਉਸਦੀ ਖੁਸ਼ੀ ਮਨਾਉਣੀ ਚਾਹੀਦੀ ਹੈ – ਅਤੇ ਜਦੋਂ ਮੱਦਦ ਦੀ ਲੋੜ ਹੋਵੇ, ਤਾਂ ਮੰਗਣ ਤੋਂ ਨਾ ਡਰੋ।

## ਮਨੋਵਿਗਿਆਨੀ

ਮਨੋਵਿਗਿਆਨੀ ਭਾਵਨਾਤਮਕ ਅਤੇ ਵਿਵਹਾਰ ਸੰਬੰਧੀ ਚਿੰਤਾਵਾਂ ਨੂੰ ਹੱਲ ਕਰਨ ਲਈ ਬੱਚਿਆਂ ਅਤੇ ਪਰਿਵਾਰਾਂ ਨਾਲ ਕੰਮ ਕਰਦੇ ਹਨ। ਉਹ ਤੁਹਾਡੇ ਬੱਚੇ ਨੂੰ ਭਾਵਨਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨਾਲ ਨਜਿੱਠਣ ਅਤੇ ਸਕਾਰਾਤਮਕ ਵਿਵਹਾਰ ਨੂੰ ਉਤਸ਼ਾਹਿਤ ਕਰਨ ਲਈ ਇੱਕ ਪਰਿਵਾਰ ਦੇ ਰੂਪ ਵਿੱਚ ਤੁਹਾਡੇ ਹੁਨਰਾਂ ਦਾ ਨਿਰਮਾਣ ਕਰਦੇ ਹਨ।

## ਰੁਟੀਨ

ਰੁਟੀਨ ਉਹ ਤਰੀਕੇ ਹੁੰਦੇ ਹਨ ਜਿਨ੍ਹਾਂ ਰਾਹੀਂ ਤੁਸੀਂ ਹਰ ਰੋਜ਼ ਆਪਣੇ ਘਰ ਵਿੱਚ ਕੰਮ ਕਰਦੇ ਹੋ – ਜਿਵੇਂ ਭੋਜਨ ਖਾਣ ਦਾ ਸਮਾਂ ਜਾਂ ਸੌਣ ਦਾ ਸਮਾਂ। ਘਰ ਵਿੱਚ ਅਤੇ ਕਲਾਸਰੂਮ ਵਿੱਚ ਰੁਟੀਨ ਹੋਣਾ ਤੁਹਾਡੇ ਬੱਚੇ ਨੂੰ ਨਵੇਂ ਹੁਨਰ ਸਿੱਖਣ ਅਤੇ ਅਭਿਆਸ ਕਰਨ ਦੇ ਮੌਕੇ ਦੇਣ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਤਰੀਕਾ ਹੈ।

## ਸਪੀਚ ਪੈਥੋਲੋਜਿਸਟ

ਸਪੀਚ ਪੈਥੋਲੋਜਿਸਟ ਤੁਹਾਡੇ ਬੱਚੇ ਦੀ ਗੱਲ ਕਰਨ ਵਿੱਚ ਮੱਦਦ ਕਰਨ ਲਈ ਇੱਕ ਪਰਿਵਾਰ ਦੇ ਰੂਪ ਵਿੱਚ ਤੁਹਾਡੇ ਹੁਨਰਾਂ ਨੂੰ ਨਿਖਾਰਨ 'ਤੇ ਧਿਆਨ-ਕੇਂਦਰਿਤ ਕਰਦੇ ਹਨ, ਜਿਸ ਵਿੱਚ ਹੋਰਾਂ ਦੀ ਗੱਲ ਸਮਝਣਾ, ਆਪਣੀ ਗੱਲ ਕਰਨੀ

ਸ਼ਾਮਲ ਹੁੰਦੇ ਹਨ, ਜਾਂ ਤਾਂ ਗੱਲ ਕਰਕੇ ਜਾਂ AAC ਦੀ ਵਰਤੋਂ ਕਰਕੇ। ਸਪੀਚ ਪੈਥੋਲੋਜਿਸਟ ਉਹਨਾਂ ਬੱਚਿਆਂ ਦੀ ਵੀ ਮੱਦਦ ਕਰਦੇ ਹਨ ਜਿਨ੍ਹਾਂ ਨੂੰ ਭੋਜਨ ਨਿਗਲਣ ਜਾਂ ਖਾਣ ਵਿੱਚ ਮੁਸ਼ਕਲ ਆਉਂਦੀ ਹੈ।

### ਥੈਰੇਪੀ ਸਹਾਇਕ

ਥੈਰੇਪੀ ਸਹਾਇਕ ਬੱਚਿਆਂ ਅਤੇ ਪਰਿਵਾਰਾਂ ਦੀ ਮੱਦਦ ਕਰਦੇ ਹਨ ਉਹ ਰੁਟੀਨਾਂ ਅਤੇ ਤਰੀਕਿਆਂ ਨੂੰ ਅਮਲ ਵਿੱਚ ਲਿਆਉਣ ਲਈ, ਜੋ ਐਲਾਈਡ ਹੈਲਥ ਪ੍ਰੈਕਟੀਸ਼ਨਰ ਵੱਲੋਂ ਪਰਿਵਾਰ ਨੂੰ ਸਿਖਾਏ ਗਏ ਹੁੰਦੇ ਹਨ। ਥੈਰੇਪੀ ਸਹਾਇਕ ਹਮੇਸ਼ਾ ਇੱਕ ਐਲਾਈਡ ਹੈਲਥ ਪ੍ਰੈਕਟੀਸ਼ਨਰ ਦੀ ਨਿਗਰਾਨੀ ਹੇਠ ਕੰਮ ਕਰਦੇ ਹਨ।

## ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ

- ਇਹ ਗਾਈਡ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ ਉੱਤੇ ਆਧਾਰਿਤ ਹੈ।
- ਇਹ ਢਾਂਚਾ ਤੁਹਾਡੀ ਇਹ ਜਾਣਨ ਵਿੱਚ ਮੱਦਦ ਕਰਦਾ ਹੈ ਕਿ ਤੁਸੀਂ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਤੋਂ ਕੀ ਉਮੀਦ ਕਰਨੀ ਹੈ।
- ਇਹ ਢਾਂਚਾ ਤੁਹਾਨੂੰ ਇਹ ਭਰੋਸਾ ਦਿੰਦਾ ਹੈ ਕਿ ਤੁਸੀਂ ਆਪਣੇ ਬੱਚੇ ਲਈ ਸਭ ਤੋਂ ਵਧੀਆ ਕਰ ਰਹੇ ਹੋ।

## ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਕੀ ਹੈ?

### ਇਹ ਕਿਸ ਲਈ ਹੈ?

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ ਜੋ ਅਜਿਹੇ (ਜਨਮ ਤੋਂ ਲੈ ਕੇ 9 ਸਾਲ ਦੀ ਉਮਰ ਤੱਕ ਦੇ) ਬੱਚਿਆਂ ਦੀ ਪਰਵਿਰਸ਼ ਕਰ ਰਹੇ ਹਨ ਜਿਨ੍ਹਾਂ ਨੂੰ ਵਿਕਾਸ ਸੰਬੰਧੀ ਚਿੰਤਾਵਾਂ, ਦੇਰੀ ਜਾਂ ਅਪਾਹਜਤਾ ਹੋ ਸਕਦੀ ਹੈ।

### ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਸੇਵਾਵਾਂ ਵੱਖ-ਵੱਖ ਪੇਸ਼ੇਵਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ, ਸਪੀਚ ਪੈਥੋਲੋਜਿਸਟ, ਕਿੱਤਾਮੁਖੀ ਥੈਰੇਪਿਸਟ, ਫਿਜ਼ੀਓਥੈਰੇਪਿਸਟ ਜਾਂ ਮਨੋਵਿਗਿਆਨੀ। ਇਸ ਗਾਈਡ ਵਿੱਚ ਅਸੀਂ ਉਹਨਾਂ ਨੂੰ ਪ੍ਰੈਕਟੀਸ਼ਨਰ ਕਹਿੰਦੇ ਹਾਂ।

### ਇਸ ਵਿੱਚ ਕੌਣ-ਕੌਣ ਸ਼ਾਮਲ ਹੁੰਦੇ ਹਨ?

ਇਹ ਪ੍ਰੈਕਟੀਸ਼ਨਰ ਪਰਿਵਾਰਾਂ, ਤੁਹਾਡੇ ਬੱਚੇ ਅਤੇ ਤੁਹਾਡੇ ਬੱਚੇ ਦੇ ਜੀਵਨ ਵਿਚਲੇ ਹੋਰ ਮਹੱਤਵਪੂਰਨ ਲੋਕਾਂ ਨਾਲ ਮਿਲ ਕੇ ਕੰਮ ਕਰਦੇ ਹਨ।

### ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਦਾ ਉਦੇਸ਼ ਕੀ ਹੈ?

ਤੁਹਾਡੇ ਬੱਚੇ ਨੂੰ ਵੱਧਣ-ਫੁੱਲਣ, ਸਿੱਖਣ ਅਤੇ ਜ਼ਿੰਦਗੀ ਦਾ ਆਨੰਦ ਲੈਣ ਵਿੱਚ ਮੱਦਦ ਕਰਨਾ, ਅਤੇ ਇੱਕ ਪਰਿਵਾਰ ਦੇ ਤੌਰ 'ਤੇ ਆਪਣੇ ਬੱਚੇ ਦੇ ਵਿਕਾਸ ਵਿੱਚ ਸਭ ਤੋਂ ਵਧੀਆ ਸਹਾਇਤਾ ਕਰਨ ਵਿੱਚ ਤੁਹਾਡੀ ਮੱਦਦ ਕਰਨਾ

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ ਰਾਸ਼ਟਰੀ ਸਰਵੋਤਮ ਅਭਿਆਸ ਢਾਂਚੇ (National Best Practice Framework for Early Childhood Intervention) ਬਾਰੇ ਹੋਰ ਜਾਣਕਾਰੀ ਇੱਥੇ ਔਨਲਾਈਨ ਪ੍ਰਾਪਤ ਕਰ ਸਕਦੇ ਹੋ: https://healthy-trajectories.com.au/eci-framework/

© UoM 2025. ਨੈਸ਼ਨਲ ਬੈਸਟ ਪ੍ਰੈਕਟਿਸ ਫਰੇਮਵਰਕ ਫਾਰ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ (ਹੈਲਦੀ ਟ੍ਰੈਜੈਕਟਰੀਜ਼, ਮੈਲਬੌਰਨ ਡਿਸਏਬਿਲਟੀ ਇੰਸਟੀਚਿਊਟ, ਮੈਲਬੌਰਨ ਯੂਨੀਵਰਸਿਟੀ ਵਿਖੇ ਸਟ੍ਰੋਂਗ ਕਿਡਜ਼ ਸਟ੍ਰੋਂਗ ਫਿਊਚਰ, ਅਤੇ ਮਰਡੋਕ ਚਿਲਡਰਨਜ਼ ਰਿਸਰਚ ਇੰਸਟੀਚਿਊਟ (MCRI), ਪ੍ਰੋਫੈਸ਼ਨਲਜ਼ ਐਂਡ ਰਿਸਰਚਰਜ਼ ਇਨ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ (PRECI), SNAICC - ਨੈਸ਼ਨਲ ਵੌਇਸ ਫਾਰ ਆਵਰ ਚਿਲਡਰਨ, ਚਿਲਡਰਨ ਐਂਡ ਯੰਗ ਪੀਪਲ ਵਿਦ ਡਿਸਏਬਿਲਟੀ ਆਸਟ੍ਰੇਲੀਆ, ਅਤੇ ACD - ਐਡਵੋਕੇਟਿੰਗ ਫਾਰ ਚਿਲਡਰਨ ਵਿਦ ਡਿਸਏਬਿਲਟੀ ਦੀ ਇੱਕ ਸਾਂਝੀ ਪਹਿਲ ਹੈ)। ਇਹ ਸੋਸ਼ਲ ਸਰਵਿਸਜ਼ ਵਿਭਾਗ ਦੁਆਰਾ ਗਠਿਤ ਕੀਤਾ ਗਿਆ ਹੈ।

ਇਸ ਕੰਮ ਦੇ ਸਾਰੇ ਕਾਪੀਰਾਈਟ ਹੱਕ ਮੈਲਬੌਰਨ ਯੂਨੀਵਰਸਿਟੀ ਕੋਲ ਕਰੀਏਟਿਵ ਕਾਮਨਜ਼ ਲਾਇਸੈਂਸ, CC-BY-NC-ND ਦੇ ਤਹਿਤ ਹਨ। ਇਸ ਸਮੱਗਰੀ ਵਿੱਚ SNAICC ਅਤੇ ਇਸਦੇ ਮੈਂਬਰਾਂ ਅਤੇ ਕਰਮਚਾਰੀਆਂ ਦੁਆਰਾ ਯੋਗਦਾਨ ਪਾਈ ਗਈ ਸਵਦੇਸ਼ੀ ਸੱਭਿਆਚਾਰਕ ਅਤੇ ਬੌਧਿਕ ਸੰਪਤੀ (ICIP) ਸ਼ਾਮਲ ਹੈ ਅਤੇ ਉਸਦੇ ਉੱਪਰ ਬਣਾਈ ਗਈ ਹੈ, ਜੋ ਉਨ੍ਹਾਂ ਦੀ ਸਹਿਮਤੀ ਨਾਲ ਵਰਤੀ ਗਈ ਹੈ। ICIP ਵਾਲੀ ਸਮੱਗਰੀ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਅਜਿਹੇ ਮਕਸਦ ਲਈ ਵਰਤਣਾ ਜਿਸਦੀ ਇਜਾਜ਼ਤ ਪ੍ਰੰਪਰਾਗਤ ਨਿਗਰਾਨਾਂ ਵੱਲੋਂ ਨਾ ਦਿੱਤੀ ਗਈ ਹੋਵੇ, ਰਿਵਾਇਤੀ ਕਾਨੂੰਨਾਂ ਦੀ ਗੰਭੀਰ ਉਲੰਘਣਾ ਹੈ। ਤੁਹਾਡੇ ਲਈ ਉੱਪਰ ਦੱਸੇ ਗਏ ਕਰੀਏਟਿਵ ਕਾਮਨਜ਼ ਲਾਇਸੈਂਸ ਦੀ ਵਰਤੋਂ ਕਰਦੇ ਸਮੇਂ, ICIP ਨੂੰ ਉਸਦੀ ਸੰਵੇਦਨਸ਼ੀਲਤਾ ਅਨੁਸਾਰ ਸੰਭਾਲ ਕਰਨੀ ਲਾਜ਼ਮੀ ਹੈ।

ਕਾਪੀਰਾਈਟ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ https://healthy-trajectories.com.au/eci-framework/'ਤੇ ਜਾਓ।